ਸਿੱਖ ਜਥਾ ਮਾਲਵਾ
sikhjathamalwa@gmail.com
fb.com/sikhjathamalwa

ਲੜੀ ੳ/2024/003 ਮਿਤੀ 7/8/2024

ਫਿਲਮਕਾਰਾਂ ਨੂੰ ਖੁੱਲ੍ਹੀ ਚਿੱਠੀ

ਸਿੱਖ ਇਤਿਹਾਸ ਬਾਰੇ ਬਣਦੀਆਂ ਫ਼ਿਲਮਾਂ ਵਿੱਚ ਕੀ ਪ੍ਰਵਾਨ ਅਤੇ ਕੀ ਨਹੀਂ ਪ੍ਰਵਾਨ

ਫਿਲਮ ਇੰਡਸਟਰੀ ਨਾਲ ਜੁੜੇ ਸਮੂਹ ਜੀਆਂ ਨੂੰ,

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।

ਸਮੇਂ ਸਮੇਂ ਤੇ ਐਨੀਮੇਸ਼ਨ ਤਕਨੀਕ ਨਾਲ ਗੁਰੂ ਸਾਹਿਬ, ਓਹਨਾਂ ਦੇ ਸਾਹਿਬਜ਼ਾਦੇ, ਗੁਰੂ ਕੇ ਮਹਿਲ, ਮਹਾਨ ਸ਼ਹੀਦਾਂ, ਗੁਰਮੁਖਾਂ ਆਦਿ ਉੱਚੀਆਂ ਤੇ ਪਵਿੱਤਰ ਸਖਸ਼ੀਅਤਾਂ ਨੂੰ ਫਿਲਮੀ ਪਰਦੇ ਉਪਰ ਪੇਸ਼ ਕਰਨ ਦਾ ਸੰਗਤ ਵੱਲੋਂ ਵਿਰੋਧ ਕੀਤਾ ਜਾਂਦਾ ਹੈ । ਵਿਰੋਧ ਦੌਰਾਨ ਸਿੱਖ ਸੰਗਤ ਦੇ ਵੱਡੇ ਹਿੱਸੇ ਵਲੋਂ ਇਹ ਗੱਲ ਸਮਝੀ ਗਈ ਕਿ ਫਿਲਮਕਾਰ ਵੀ ਇਸ ਗੱਲ ਪ੍ਰਤੀ ਜਾਣੂ ਨਹੀਂ ਹਨ ਕਿ ਸਿੱਖ ਰਵਾਇਤ, ਸਿਧਾਂਤ ਵਿੱਚ ਪਰਦੇਕਾਰੀ/ਪੇਸ਼ਕਾਰੀ ਕਿੱਥੋਂ ਕੁ ਤੱਕ ਪ੍ਰਵਾਨ ਹੈ। ਫ਼ਿਲਮਕਾਰਾਂ ਨੂੰ ਸਿੱਖ ਰਵਾਇਤ ਤੋਂ ਜਾਣੂ ਕਰਵਾਉਣਾ ਅਤੇ ਉਹਨਾਂ ਨਾਲ ਸੰਵਾਦ ਰਚਾਉਣਾ ਹੀ ਇਸ ਦਸਤਾਵੇਜ਼/ਚਿੱਠੀ ਦਾ ਮੁੱਖ ਉਦੇਸ਼ ਹੈ।

ਸਿਨਮਾ ਅਤੇ ਧਾਰਮਿਕ ਪੇਸ਼ਕਾਰੀ ਪ੍ਰਤੀ ਵੱਖ ਵੱਖ ਧਾਰਮਿਕ ਅਕੀਦਿਆਂ ਦੀ ਰਾਏ

ਸਿਨੇਮਾ ਆਪਣੀ ਹੋਂਦ ਤੋਂ ਹੀ ਨਾਟਕੀ ਪੇਸ਼ਕਾਰੀਆਂ ਰਾਹੀਂ ਧਾਰਮਿਕ ਕਥਾ/ਕਹਾਣੀਆਂ ਨੂੰ ਪਰਦੇ ’ਤੇ ਪੇਸ਼ ਕਰਨ ਦੇ ਯਤਨ ਕਰਦਾ ਆਇਆ ਹੈ ਤੇ ਅਜਿਹਾ ਕਰਨ ਦੀ ਸਦਾ ਹੀ ਫਿਲਮਕਾਰਾਂ ਦੀ ਰੁਚੀ ਰਹੀ ਹੈ। ਇਸੇ ਰੁਚੀ ਵਿਚੋਂ ਬਹੁਤ ਸਾਰੇ ਨਾਟਕ ਅਤੇ ਫਿਲਮਾਂ ਬਣਦੀਆਂ ਰਹੀਆਂ ਹਨ। ਧਾਰਮਿਕ ਕਥਾ ਕਹਾਣੀਆਂ ਤੋਂ ਇਲਾਵਾ ਇਤਿਹਾਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਅਤੇ ਬਿਰਤਾਂਤ ਵੀ ਫਿਲਮਕਾਰਾਂ ਨੇ ਪਰਦੇ ਉਪਰ ਲਿਆਂਦੇ ਹਨ।

ਵੱਖੋ ਵੱਖ ਧਾਰਮਿਕ ਅਕੀਦਿਆਂ 'ਚ ਨਾਟਕੀ / ਫਿਲਮੀ ਪੇਸ਼ਕਾਰੀ ਦਾ ਚਲਣ

ਧਾਰਮਿਕ ਕਥਾ ਕਹਾਣੀਆਂ ਨੂੰ ਸਟੇਜ ਉਪਰ ਨਾਟਕੀ ਪੇਸ਼ਕਾਰੀ ਰਾਹੀਂ ਪੇਸ਼ ਕਰਨ ਦਾ ਹਿੰਦੂ ਧਰਮ ਦੀਆਂ ਰਵਾਇਤਾਂ ਨਾਲ ਸਦਾ ਹੀ ਸਬੰਧ ਜੁੜਿਆ ਰਿਹਾ ਹੈ।

- ਹਿੰਦੂ ਮਾਨਤਾਵਾਂ ਵਿੱਚ ਸ੍ਰੀ ਰਾਮ ਚੰਦਰ ਜੀ ਦੀ ਕਥਾ 'ਰਮਾਇਣ' ਨੂੰ ਸਦੀਆਂ ਤੋਂ ਸਟੇਜ ਉਪਰ ਨਾਟਕੀ ਰੂਪ ਵਿੱਚ ਪੇਸ਼ ਕੀਤਾ ਜਾਂਦਾ ਰਿਹਾ ਹੈ।
- ਫਿਲਮਕਾਰੀ ਵਿੱਚ ਇਸ ਕਥਾ ਨੂੰ ਪੇਸ਼ ਕਰਨ ਦੀ ਸਮਰੱਥਾ ਬਣਦਿਆਂ ਇਸਨੂੰ ਵੱਡੀ ਨਾਟਕ ਲੜੀ ਦੇ ਰੂਪ ਵਿੱਚ ਪ੍ਰਸਾਰਿਤ ਕੀਤਾ ਗਿਆ।
- ਇਸੇ ਤਰ੍ਹਾਂ ਫੇਰ ਮਹਾਭਾਰਤ ਦੀ ਵਿਸ਼ਾਲ ਕਥਾ ਨੂੰ ਵੀ ਫਿਲਮਾ ਕੇ ਟੈਲੀਵਿਜ਼ਨ ਉਪਰ ਦਿਖਾਇਆ ਗਿਆ।
- ਇਸੇ ਤਰਜ਼ ’ਤੇ ਹਿੰਦੁਸਤਾਨ ਦੇ ਇਤਿਹਾਸਿਕ ਹਿੰਦੂ ਪਰੰਪਰਾਵਾਂ ਨਾਲ ਸਬੰਧ ਰੱਖਦੇ ਨਾਇਕਾਂ ਨੂੰ ਵੀ ਫਿਲਮਾਇਆ ਅਤੇ ਪਰਦੇ ਉਪਰ ਪੇਸ਼ ਕੀਤਾ ਜਾਂਦਾ ਰਿਹਾ।

ਹਿੰਦੂ ਮਾਨਤਾਵਾਂ ਤੋਂ ਇਲਾਵਾ ਈਸਾਈਅਤ ਵਿੱਚ ਵੀ ਸ੍ਰੀ ਈਸਾ ਮਸੀਹ ਜੀ ਦੇ ਬਾਰੇ ਵਿੱਚ ਪੱਛਮੀ ਫਿਲਮਕਾਰਾਂ ਨੇ ਬੜੀਆਂ ਵੱਡੀਆਂ ਫਿਲਮਾਂ ਕੀਤੀਆਂ ਹਨ।

- ਇਨ੍ਹਾਂ ਵਿਚੋਂ ਬਹੁਤ ਫਿਲਮਾਂ ਸਾਰੀ ਦੁਨੀਆਂ ਵਿੱਚ ਸਰਾਹੀਆਂ ਅਤੇ ਵੱਡੀ ਗਿਣਤੀ ਵਿੱਚ ਵੇਖੀਆ ਜਾਂਦੀਆਂ ਰਹੀਆਂ ਹਨ।
- ਈਸਾਈਅਤ ਤੋਂ ਇਲਾਵਾ ਪੱਛਮ ਅਤੇ ਯੂਨਾਨ ਦੇ '300' ਵਰਗੇ ਵੱਡੇ ਬਿਰਤਾਂਤ ਜਿਨ੍ਹਾਂ ਦੀ ਫਿਲਮਕਾਰਾਂ ਅਤੇ ਲੋਕਾਂ ਦੁਆਰਾ ਉਦਾਹਰਣ ਦਿੱਤੀ ਜਾਂਦੀ ਹੈ, ਵੀ ਪਰਦੇ ਉਪਰ ਪੇਸ਼ ਕੀਤੇ ਗਏ।

ਮੁਸਲਿਮ ਧਾਰਮਿਕ ਕਥਾ ਨੂੰ ਪੇਸ਼ ਕਰਨਾ ਫਿਲਮਕਾਰੀ ਵਿੱਚ ਕਦੇ ਵੀ ਸੌਖਾ ਨਹੀਂ ਰਿਹਾ ਹੈ।

- ਮੂਰਤੀਆਂ ਅਤੇ ਤਸਵੀਰਾਂ ਨੂੰ ਮੁਸਲਿਮ ਜਗਤ ਦੀ ਅਪ੍ਰਵਾਨਗੀ ਕਰਕੇ ਅਜਿਹਾ ਕਰਨਾ ਸੰਭਵ ਨਹੀਂ ਸੀ।
- ਮੁਸਲਮਾਨਾਂ ਨੇ ਆਪਣੀ ਰਵਾਇਤ ਵਿਚੋਂ ਮੂਰਤੀਆਂ ਦੇ ਵਿਰੁੱਧ ਪੈਂਤੜਾ ਲਿਆ ਅਤੇ ਖਲੀਫ਼ਾ (ਧਾਰਮਿਕ ਬਾਦਸ਼ਾਹਤ) ਰਾਹੀਂ ਅਜਿਹੀ ਕਿਸੇ ਵੀ ਕੋਸ਼ਿਸ਼ ਨੂੰ ਲਗਾਤਾਰ ਰੋਕੀ ਰੱਖਿਆ।

ਫਿਲਮੀ ਪੇਸ਼ਕਾਰੀ ਅਤੇ ਸਿੱਖ

ਸਿੱਖ ਜਗਤ ਨਾ ਤਾਂ ਧਰਮ ਅਤੇ ਨਾ ਹੀ ਇਤਿਹਾਸ ਦੀ ਫਿਲਮੀ ਪੇਸ਼ਕਾਰੀ ਦੇ ਪੱਖ ਵਿੱਚ ਹਿੰਦੂਆਂ ਦੀ ਤਰ੍ਹਾਂ ਰਿਹਾ ਅਤੇ ਨਾ ਹੀ ਮੁਸਲਮਾਨਾਂ ਦੀ ਤਰ੍ਹਾਂ ਫਿਲਮਾਂ ਅਤੇ ਤਸਵੀਰਾਂ ਦੇ ਪੂਰੀ ਤਰ੍ਹਾਂ ਵਿਰੋਧ ਵਿੱਚ ਰਿਹਾ। ਸਿੱਖੀ ਸਹਿਜ ਦਾ ਮਾਰਗ ਹੈ। ਇਥੇ ਪ੍ਰਵਾਨਗੀ - ਅਪ੍ਰਵਾਨਗੀ ਕੋਈ ਜਟਿਲ ਖਿਆਲ ਨਹੀਂ ਸਗੋਂ ਬਿਬੇਕ ਦਾ ਵਿਸ਼ਾ ਹੈ। ਇਥੇ ਕਿਸੇ ਇੱਕ ਚੀਜ਼ ਉਪਰ ਵਧੇਰੇ ਜ਼ੋਰ ਨਹੀਂ। ਸੂਖਮ ਕਲਾਵਾਂ ਅਤੇ ਕਲਾਕਾਰ ਦੀ ਵੀ ਕਦਰ ਹੈ। ਪਰ ਇਥੇ ਹਰੇਕ ਐਸੀ ਸ਼ੈਅ ਦੀ ਮਨਾਹੀ ਹੈ, ਜੋ ਧਾਰਮਿਕ ਅਕੀਦੇ ਅਤੇ ਧਾਰਮਿਕ ਪਵਿਤ੍ਰਤਾ ਨੂੰ ਨੁਕਸਾਨ ਪਹੁੰਚਾਉਦੀ ਹੋਵੇ। ਕਲਾ ਦੀ ਸਮਾਜ ਅਤੇ ਧਰਮ ਵਿੱਚ ਇੱਕ ਥਾਂ ਅਤੇ ਇੱਕ ਦਾਇਰਾ ਹੈ। ਕਲਾ ਜੇਕਰ ਉਸ ਦਾਇਰੇ ਦੇ ਅੰਦਰ ਲੋਕਾਈ ਦੇ ਹਿੱਤ ਵਿੱਚ ਕੰਮ ਕਰ ਰਹੀ ਹੈ, ਪੰਜਾਬ ਅਤੇ ਸਿੱਖੀ ਬਾਰੇ ਸਕਾਰਾਤਮਿਕ ਤਰੀਕੇ ਗੱਲ ਕਰ ਰਹੀ ਹੈ, ਤਾਂ ਇਸਦਾ ਸਵਾਗਤ ਹੈ।

ਫਿਲਮੀ ਪੇਸ਼ਕਾਰੀ ਸਿਧਾਂਤਕ ਪੱਖ ਤੋਂ

- **ਨਕਲ - ਅਸਲ ਦਾ ਪਹਿਲੂ**

ਨਾਟਕ/ਫਿਲਮ ਦੀ ਬੁਨਿਆਦ ਜਾਂ 'ਨਕਲ' ਤੋਂ ਹੈ ਤੇ ਜਾਂ ਝੂਠ ਤੋਂ, ਕਿਸੇ ਚੱਲ ਰਹੇ ਜਾਂ ਗੁਜ਼ਰ ਚੁੱਕੇ ਸਮੇਂ ਦੇ ਮਨੁੱਖਾਂ ਅਤੇ ਘਟਨਾਵਾਂ ਨੂੰ ਦੁਬਾਰਾ ਤੋਂ ਉਸਦੀ ਨਕਲ ਦੇ ਨਾਲ ਪੇਸ਼ ਕਰਨਾ ਜਾਂ ਫਿਰ ਉਹ ਪੇਸ਼ ਕਰਨਾ ਜੋ ਕਦੇ ਵਾਪਰਿਆ ਹੀ ਨਹੀਂ। ਸਿੱਖ ਸਿਧਾਂਤ ਵਿੱਚ ਨਕਲ ਅਤੇ ਝੂਠ ਮੂਲੋਂ ਹੀ ਪ੍ਰਵਾਨ ਨਹੀਂ। ਨਕਲ ਨੂੰ ਪਖੰਡ/ਸਵਾਂਗ/ਦਿਖਾਵੇ ਦੇ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਸਿੱਖ ਸਿਧਾਂਤ ਵਿੱਚ ਅਸਲ/ਹਕੀਕਤ ਦੀ ਗੱਲ ਹੈ। ਇਥੇ ਬਾਣਾ ਜਾਂ ਹੋਰ ਧਾਰਮਿਕ ਲਿਬਾਸ ਨੂੰ ਕੇਵਲ ਦਿਖਾਵੇ ਅਤੇ ਪੇਸ਼ਕਾਰੀ ਦੇ ਲਈ ਨਹੀਂ ਪਹਿਨਿਆ ਜਾ ਸਕਦਾ। ਸਿੱਖ ਰਵਾਇਤਾਂ ਅਤੇ ਮਰਿਯਾਦਾ ਨੂੰ ਕਿਸੇ ਰੂਪ ਅਤੇ ਕਿਸੇ ਵੀ ਸਥਿਤੀ ਵਿੱਚ ਸਿਰਫ ਪੇਸ਼ ਕਰਨ ਲਈ ਨਹੀਂ ਨਿਭਾਇਆ ਜਾ ਸਕਦਾ।

- ਅਰਦਾਸ ਕਰਨ ਦੀ ਨਕਲ ਨਹੀਂ ਹੋ ਸਕਦੀ, ਅਰਦਾਸ 'ਅਕਾਲ ਪੁਰਖ' ਅੱਗੇ ਅਸਲ ਹੀ ਹੁੰਦੀ ਹੈ, 'ਅਕਾਲ ਪੁਰਖ' ਦਾ ਸੰਕਲਪ ਕੋਈ ਖੇਡ ਜਾਂ ਨਕਲੀ ਨਹੀਂ, ਜਿਥੇ ਕੀਤੀ ਅਰਦਾਸ ਨੂੰ ਝੂਠਾ ਅਤੇ ਸਿਰਫ ਪੇਸ਼ਕਾਰੀ ਲਈ ਨਕਲ ਵਜੋਂ ਦਿਖਾਇਆ ਜਾ ਸਕੇ।
- ਟੈਲੀਵਿਜ਼ਨ ਉਪਰ ਕਿਸੇ ਨਾਟਕੀ ਪੇਸ਼ਕਾਰੀ ਵੇਲੇ ਇੱਕ ਵਾਰ 'ਅਨੰਦ ਕਾਰਜ/ਲਾਵਾਂ' ਨੂੰ ਕੁਝ ਫਿਲਮਕਾਰਾਂ ਦੁਆਰਾ ਨਾਟਕਾਂ ਵਿੱਚ ਦਿਖਾਇਆ ਗਿਆ ਸੀ, ਕਲਾਕਾਰਾਂ ਨੇ ਇਸ ਵਿਆਹ ਦੀ ਰਸਮ ਨੂੰ ਨਕਲੀ ਜਾਣ ਕੇ ਨਿਭਾਇਆ ਪਰ

ਸਿੱਖ ਜਥਾ ਮਾਲਵਾ
SIKH JATHA MALWA

ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸਿਰਫ਼ ਨਕਲ ਕਰਨ ਦੇ ਮਕਸਦ ਨਾਲ ਲਾਵਾਂ ਦੀ ਅਰਦਾਸ ਨਹੀਂ ਹੋ ਸਕਦੀ, ਇਸ ਵੱਡੀ ਗਲਤੀ ਨੂੰ ਸਿੱਖ ਸੰਗਤਾਂ ਨੇ ਤੁਰੰਤ ਮਹਿਸੂਸ ਕੀਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਸ ਸਬੰਧੀ ਰੋਕ ਲਗਾਈ ਗਈ।

- ਪੰਜ ਪਿਆਰੇ, ਗੁਰੂ ਸਾਹਿਬ ਦੀ ਹਜ਼ੂਰੀ, ਮੱਥਾ ਟੇਕਣਾ ਅਤੇ ਗੁਰੂ ਕੀ ਫੌਜ ਨਕਲ/ਵਿਖਾਵੇ ਦਾ ਹਿੱਸਾ ਨਹੀਂ ਹੋ ਸਕਦੇ। ਅਜਿਹਾ ਕਰਨਾ ਧਾਰਮਿਕ ਰਹੁ ਰੀਤਾਂ ਦੀ ਸਿੱਧੀ-ਸਿੱਧੀ ਤੌਹੀਨ ਹੈ।
- ਇਤਿਹਾਸ ਦੇ ਕਿਸੇ ਨਾਇਕ ਜਾਂ ਘਟਨਾ ਦੀ ਨਕਲ ਬਣਾਉਂਦਿਆਂ ਫਿਲਮਕਾਰਾਂ ਵਲੋਂ ਘਟਨਾਵਾਂ ਨੂੰ ਪੇਸ਼ ਕਰਨ ਵੇਲੇ ਰਸ ਭਰਨ ਲਈ ਕਲਪਨਾ ਦਾ ਸਹਾਰਾ ਲਿਆ ਜਾਂਦਾ ਹੈ। ਵਧੇਰੇ ਸੁਆਦ ਯੋਗ ਬਣਾਉਣ ਲਈ ਇਤਿਹਾਸ ਨਾਲ ਛੇੜਛਾੜ ਕਰਨੀ ਜਾਂ ਤੱਥਾਂ/ਘਟਨਾਵਾਂ/ਮੁਹਾਵਰੇ ਨੂੰ ਬਦਲ ਦੇਣਾ ਆਮ ਗੱਲ ਸਮਝਿਆ ਜਾਂਦਾ ਹੈ। ਸਿੱਖ ਆਪਣੀ ਜ਼ਿੰਦਗੀ ਵਿੱਚ ਬਾਣੀ ਅਤੇ ਆਪਣੇ ਪੁਰਖਿਆਂ ਦੇ ਇਤਿਹਾਸ ਨੂੰ ਵੱਡੀ ਥਾਂ ਦਿੰਦੇ ਹਨ। ਇਤਿਹਾਸ ਨੂੰ ਕਲਪਨਾ/ਝੂਠ ਦਾ ਸਹਾਰਾ ਦੇਕੇ ਅਗਲੀ ਪੀੜ੍ਹੀ ਤੱਕ ਲਿਜਾਣ ਦੀ ਇੱਛਾ ਰੱਖਣੀ ਸਿੱਖ ਸਿਧਾਂਤ ਅਨੁਸਾਰ ਠੀਕ ਨਹੀਂ ਹੈ।

- **ਨਿਆਰੇਪਣ ਨੂੰ ਠੇਸ ਪਹੁੰਚਾ ਕੇ ਧਰਮ ਦੇ ਨਿਆਰੇਪਣ ਨੂੰ ਪ੍ਰਚਾਰਨ ਦਾ ਆਪਾ-ਵਿਰੋਧੀ ਅਮਲ**

ਦੂਸਰੇ ਕੌਮਾਂ ਅਤੇ ਫ਼ਿਰਕਿਆ ਦੁਆਰਾ ਫਿਲਮਾਂ ਰਾਹੀਂ ਆਪਣੇ ਇਤਿਹਾਸ ਅਤੇ ਧਰਮ ਬਾਰੇ ਦੱਸੇ ਜਾਣ ਤੋਂ ਬਾਅਦ ਸਿੱਖ ਧਰਮ ਅਤੇ ਇਤਿਹਾਸ ਨੂੰ ਸਾਰੀ ਦੁਨੀਆਂ ਨਾਲ ਸਾਂਝਾ ਕਰਨ ਦੀ ਇੱਛਾ ਰੱਖਣ ਵਾਲੇ ਮਨੁੱਖ ਸ਼ਾਇਦ ਕਿਸੇ ਸੂਖਮ ਹੀਣ-ਭਾਵਨਾ ਦੇ ਤਹਿਤ ਸਿੱਖ ਧਰਮ ਨੂੰ ਪੱਛੜ ਗਿਆ ਮਹਿਸੂਸ ਕਰਦੇ ਅਤੇ ਹੋਰਾਂ ਨੂੰ ਜਣਾਉਂਦੇ ਹਨ, ਪਰ ਉਨ੍ਹਾਂ ਨੂੰ ਇਹ ਜਾਣਨਾ ਅਤੇ ਸਮਝਣਾ ਚਾਹੀਦਾ ਹੈ ਕਿ ਧਰਮ ਪ੍ਰਚਾਰ ਕੋਈ ਦੌੜ ਨਹੀਂ। ਅਸੀਂ ਜ਼ਰਾ ਵਿਚਾਰ ਕਰੀਏ ਕਿ ਹਰ ਧਰਮ ਅਤੇ ਸਭਿਆਚਾਰ ਦੀਆਂ ਕੁਝ ਮਾਨਤਾਵਾਂ ਅਤੇ ਕੁਝ ਨਿਆਰਾਪਣ ਹੁੰਦਾ ਹੈ।

- ਜੇਕਰ ਉਹ ਨਿਆਰਾਪਣ ਅਤੇ ਮਨੌਤਾਂ ਨੂੰ ਛੱਡ ਕੇ ਕਿਸੇ ਦੂਸਰੇ ਦੀ ਰੀਸ ਕੀਤੀ ਜਾਵੇ ਤਾਂ ਇੱਕ ਧਰਮ ਦਾ ਦੂਜੇ ਧਰਮ ਤੋਂ ਨਿਆਰਾ ਕੀ ਰਹਿ ਜਾਵੇਗਾ?
- ਜੇਕਰ ਉਹ ਦੌੜ ਵਿੱਚ ਹਿੱਸਾ ਲੈਂਦਿਆਂ ਅਸੀਂ ਗੁਰੂ ਵਲੋਂ ਬਖਸ਼ੇ ਧਰਮ ਦੇ ਤੌਰ ਤਰੀਕੇ ਗਵਾ ਕੇ ਅਨਧਰਮ ਦੇ ਸਾਂਭ ਲਏ ਤਾਂ ਕਿਸ ਧਰਮ ਦਾ ਫੈਲਾਅ ਹੋਣਾ ਹੈ ਅਤੇ ਕਿਸਦੀ ਜਾਣਕਾਰੀ ਲੋਕਾਂ ਨੂੰ ਹੋਣੀ ਹੈ?
- ਐਸੀ ਦੌੜ ਦਾ ਫਾਇਦਾ ਹੀ ਕੀ ਜੇਕਰ ਅਸੀਂ ਉਹ ਨਾ ਰਹੇ ਜਿਸਦੇ ਸਹਾਰੇ ਸਾਡਾ ਇਤਿਹਾਸ ਅਤੇ ਸਾਡੀਆਂ ਮਨੌਤਾ ਜਿਉਂਦੀਆਂ ਹਨ?

- **ਫ਼ਿਲਮਾਂ ਰਾਹੀਂ ਧਰਮ ਪ੍ਰਚਾਰ - ਕੀ ਸੰਭਵ ਹੈ?**

ਇੱਕ ਵੱਡੀ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਫਿਲਮਕਾਰੀ ਨਾਲ ਧਰਮ ਅਤੇ ਇਤਿਹਾਸ ਸਬੰਧੀ ਜਾਣਕਾਰੀ ਦਿੱਤੀ ਜਾ ਸਕਦੀ ਹੈ, ਜੇਕਰ ਫਿਲਮਕਾਰੀ ਰਾਹੀਂ ਇਤਿਹਾਸ ਬਾਰੇ ਨਾ ਦੱਸਿਆ ਗਿਆ ਤਾਂ ਸਾਡਾ ਇਤਿਹਾਸ ਕਿਸੇ ਨੂੰ ਪਤਾ ਨਹੀਂ ਲੱਗਣਾ। ਅਜਿਹੀ ਦਲੀਲ ਜਿਸ ਅੰਦਰ ਪੈਦਾ ਹੁੰਦੀ ਹੈ, ਉਹ ਮਨੁੱਖ ਸਿੱਖੀ ਵਿਰਸੇ ਦੀ ਰੂਹ ਨਾਲੋਂ ਅੰਦਰੋਂ ਟੁੱਟ ਚੁਕਿਆ ਹੈ। ਗੁਰੂ ਸਾਹਿਬ ਨੇ ਸਿੱਖ ਨੂੰ ਮੂਲੋਂ ਹੀ ਨਿਰਭਉ ਬਣਾਇਆ ਹੈ। ਸਿੱਖ ਨੂੰ ਨਾ ਤਾਂ ਪਿੱਛੇ ਰਹਿਣ ਦਾ ਹੀ ਡਰ ਹੈ, ਨਾ ਹੀ ਗਿਣਤੀ ਘੱਟ ਰਹਿਣ ਦਾ। ਸਿੱਖੀ ਜੇਕਰ ਫੈਲਣੀ ਹੈ ਤਾਂ ਗੁਰੂ ਸਾਹਿਬ ਦੁਆਰਾ ਦੱਸੀਆਂ ਸਿਖਿਆਵਾਂ ਤੇ ਚੱਲਣ ਨਾਲ ਫੈਲਣੀ ਹੈ, ਫਿਲਮਾਂ ਨਾਲ ਸਿਰਫ ਸਿਨਮਾ, ਕਲਾਕਾਰੀ ਅਤੇ ਫਿਲਮਕਾਰੀ ਹੀ ਫੈਲਣੀ ਹੈ। ਦੁਨੀਆਂ ਨੂੰ ਜੇਕਰ ਫਿਲਮਕਾਰੀ ਨਾਲ ਸਿੱਖ ਇਤਿਹਾਸ ਦੱਸ ਵੀ ਦਿੱਤਾ ਜਾਵੇ, ਤਾਂ ਵੀ ਇਸ ਗੱਲ ਦਾ ਕੋਈ ਬਹੁਤਾ ਫਰਕ ਨਹੀਂ ਪੈਣਾ, ਜੇਕਰ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਖੁਦ ਨੂੰ 'ਇਤਿਹਾਸ ਦੇ ਸਿੱਖਾਂ' ਵਰਗਾ ਨਾ ਬਣਾ ਸਕੇ। ਦੁਨੀਆਂ ਨੇ ਫਿਲਮ ਨੂੰ ਫਿਲਮ ਦੀ ਤਰ੍ਹਾਂ ਹੀ ਵੇਖਣਾ ਹੈ, ਪਰ ਦੁਨੀਆਂ ਨੇ ਜਿਸਤੋਂ ਪ੍ਰਭਾਵਿਤ ਹੋਣਾ ਹੈ, ਉਹ ਸਿੱਖ ਦਾ ਜੀਵਨ ਹੈ। ਜੇਕਰ ਸਿੱਖਾਂ ਨੇ ਆਪਣੇ ਆਪ ਨੂੰ ਸਿੱਖਾਂ ਵਰਗਾ ਨਾ ਰੱਖਿਆ ਤਾਂ ਇੱਕ ਨਹੀਂ ਭਾਵੇਂ ਹਜ਼ਾਰਾਂ ਫਿਲਮ ਬਣਾ ਲਈਆਂ ਜਾਣ, ਧਰਮ ਦਾ ਫਾਇਦਾ ਨਹੀਂ ਹੋ ਸਕਣਾ।

- **ਨਾਟਕ / ਚੇਟਕ ਦੀ ਇਤਿਹਾਸ 'ਚ ਥਾਂ**

ਗੁਰੂ ਸਾਹਿਬਾਨ ਵੇਲੇ ਵੀ ਨਾਟਕ/ਚੇਟਕ/ਤਸਵੀਰਾਂ/ਚਿੱਤਰਕਾਰੀ ਵਰਗੇ ਸਾਧਨ ਮੌਜੂਦ ਸਨ। ਨਾਟਕ/ਚੇਟਕ ਦੇਖਣ ਬਾਬਤ ਵੀ ਗੁਰੂ ਸਾਹਿਬ ਨੇ ਤਾਕੀਦ ਕੀਤੀ ਹੈ ਅਤੇ ਗੁਰਮੁਖਾਂ ਨੂੰ ਅਜਿਹੇ ਸਾਧਨਾਂ ਤੋਂ ਦੂਰ ਰਹਿਣ ਲਈ ਕਿਹਾ ਹੈ। ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਮਕਾਲੀ ਗੁਰਸਿੱਖਾਂ ਲਈ ਮਨੁੱਖ ਦੁਆਰਾ ਨਿਭਾਏ ਗਏ ਕਿਰਦਾਰ, ਐਨੀਮੇਸ਼ਨ ਤਕਨੀਕ ਨਾਲ ਬਣਾਏ ਕਿਰਦਾਰ, ਐਨੀਮੇਸ਼ਨ ਕਿਰਦਾਰਾਂ ਦੀਆਂ ਹਰਕਤਾਂ ਅਤੇ ਕਿਰਦਾਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਆਵਾਜ਼ਾਂ ਵੀ ਸਿੱਖ ਸੰਗਤ ਨੂੰ ਪ੍ਰਵਾਨ ਨਹੀਂ। ਭਵਿੱਖ ਵਿੱਚ ਵੀ ਫਿਲਮਕਾਰ ਕਿਸੇ AI ਜਾਂ ਹੋਰ ਤਕਨੀਕ ਨਾਲ ਜੇਕਰ ਇਸ ਨਕਲ ਨੂੰ ਉਤਾਰਨ ਦਾ ਯਤਨ ਕਰਨਗੇ ਤਾਂ ਸਿੱਖ ਸੰਗਤ ਵਲੋਂ ਇਸਨੂੰ ਪ੍ਰਵਾਨਗੀ ਨਹੀਂ ਮਿਲੇਗੀ ਸਗੋਂ ਫਿਲਮਕਾਰਾਂ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਗੁਰੂ ਸਾਹਿਬਾਨ ਦੁਆਰਾ ਗੁਰਬਾਣੀ ਵਿੱਚ ਅਤੇ ਇਤਿਹਾਸਕਾਰਾਂ ਦੁਆਰਾ ਵੀ ਨਾਟਕ/ਮੂਰਤੀ ਬਣਾਉਣ/ਪੇਸ਼ਕਾਰੀ ਤੋਂ ਵਰਜਿਆ ਗਿਆ ਹੈ। ਸਿੱਖ ਵਿਦਵਾਨਾਂ ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ ਨੇ ਤਕਰੀਬਨ 100

SIKH JATHA MALWA

ਸਾਲ ਪਹਿਲਾਂ ਗੁਰੂ ਸਾਹਿਬਾਨ ਨਾਲ ਸਬੰਧਿਤ ਤਸਵੀਰਾਂ, ਨਕਲ ਅਤੇ ਨਾਟਕ ਤੋਂ ਸਿੱਖ ਸੰਗਤ ਨੂੰ ਸੁਚੇਤ ਕਰਨ ਲਈ ਨਿਰਣੇ ਦਿੱਤੇ ਹਨ। ਪ੍ਰੋ: ਹਰਿੰਦਰ ਸਿੰਘ ਮਹਿਬੂਬ ਅਤੇ ਹੋਰ ਅਨੇਕਾਂ ਵਿਦਵਾਨ ਵੀ ਇਸ ਤਰ੍ਹਾਂ ਦੀ ਪੇਸ਼ਕਾਰੀ ਦੇ ਵਿਰੁੱਧ ਇੱਕਮਤ ਰਹੇ ਹਨ।

ਸਿੱਖ ਕਲਾ ਦੇ ਵਿਰੋਧੀ ਨਹੀਂ

ਸਿੱਖ ਕਦੇ ਵੀ ਕਿਸੇ ਕਲਾ ਦੇ ਵਿਰੋਧ ਵਿੱਚ ਨਹੀਂ ਰਹੇ, ਪਰ ਫਿਲਮਕਾਰੀ ਦੀਆਂ ਹੱਦਾਂ ਨਿਸ਼ਚਤ ਕਰਨੀਆਂ ਜਰੂਰੀ ਇਸ ਲਈ ਬਣ ਗਈਆਂ ਹਨ ਕਿ ਸਮਾਜ ਅਤੇ ਧਰਮ ਦੇ ਕਿਸੇ ਪਹਿਲੂ ਲਈ ਕੁਝ ਬੰਦੇ ਆਪਣੀਆਂ ਜਾਨਾਂ ਵਾਰ ਜਾਂਦੇ ਹਨ, ਉਹ ਅਜਿਹਾ ਨਾਟਕੀ ਪੇਸ਼ਕਾਰੀ ਦੇ ਲਈ ਨਹੀਂ ਕਰਦੇ, ਬਲਕਿ ਸਮਾਜ ਅਤੇ ਧਰਮ ਦੀਆਂ ਨੇਕ ਅਤੇ ਪਵਿੱਤਰ ਰਸਮਾਂ ਨੂੰ ਜਿਉਂਦਿਆ ਕਰਨ ਲਈ ਕਰਦੇ ਹਨ। ਉਹਨਾਂ ਦੀ ਇੱਜ਼ਤ ਲੋਕਾਈ ਦੇ ਦਿਲ ਵਿੱਚ ਉਹਨਾਂ ਦੀ ਸਾਖੀ ਸੁਣਾਉਣ ਨਾਲ ਹੀ ਬਣਦੀ ਹੈ, ਨਾਕਿ ਝਾਕੀਆਂ ਨਾਲ ਉਹਨਾਂ ਦੀ ਨਕਲ ਕਰਨ ਨਾਲ। ਧਰਮ ਅਤੇ ਧਾਰਮਿਕ ਰਹੁ ਰੀਤਾਂ ਪਵਿੱਤਰਤਾ ਦੇ ਸੰਕਲਪ ਨਾਲ ਹੀ ਲੋਕਾਈ ਦੇ ਦਿਲ ਅੰਦਰ ਇੱਜ਼ਤ ਅਤੇ ਅਦਬ/ਸਤਿਕਾਰ ਦੇ ਬੀਜ ਬੀਜਦੀਆਂ ਹਨ। ਇਹਨਾਂ ਰੀਤਾਂ ਦੀ ਨਕਲ, ਲੋਕਾਈ ਦੇ ਦਿਲ ਅੰਦਰੋਂ ਅਦਬ ਸਤਿਕਾਰ ਦਾ ਨੁਕਸਾਨ ਤਾਂ ਕਰਦੀਆਂ ਹੀ ਹਨ, ਕਲਾਕਾਰਾਂ ਦੇ ਦਿਲ ਅੰਦਰ ਵੀ ਧਾਰਮਿਕ ਕਾਰਜ ਕੇਵਲ ਇੱਕ ਰਸਮ ਵਜੋਂ ਬਾਕੀ ਰਹਿ ਜਾਂਦੇ ਹਨ।

ਸਿੱਖ ਸਿਧਾਂਤ ਵਿੱਚ ਸ਼ਹੀਦ, ਗੁਰਮੁਖ, ਸੰਤਾਂ ਅਤੇ ਭਗਤਾਂ ਦਾ ਬਹੁਤ ਸਤਿਕਾਰ ਹੈ। ਉਨ੍ਹਾਂ ਦਾ ਨਾਮ ਲੈਂਦਿਆਂ ਵੀ ਲੋਕ ਜ਼ਰਾ ਸੋਚਦੇ ਅਤੇ ਫੇਰ ਨਾਮ ਲੈਂਦੇ ਹਨ। ਉਨ੍ਹਾਂ ਦੀ ਤਰ੍ਹਾਂ ਜੀਵਨ ਜਿਉਣ ਦੀ ਰੀਸ ਕਰਨੀ, ਮਨੁੱਖ ਦੇ ਵੱਸ ਵਿੱਚ ਨਹੀਂ ਤਾਂ ਫੇਰ ਉਨ੍ਹਾਂ ਦਾ ਕਿਰਦਾਰ ਕਿਵੇਂ ਨਿਭਾਇਆ ਜਾ ਸਕਦਾ ਹੈ। ਉਨ੍ਹਾਂ ਵਰਗੀ ਜ਼ਿੰਦਗੀ ਜਿਉਣੀ ਅਤੇ ਉਨ੍ਹਾਂ ਵਰਗੀ ਘਾਲਣਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਨਾ ਕਿ ਉਨ੍ਹਾਂ ਦੀ ਨਕਲ ਕਰਨੀ।

ਸਿੱਖੀ ਦਾ ਆਧਾਰ ਸ਼ਬਦ ਹੈ, ਦ੍ਰਿਸ਼ ਨਹੀਂ! ਸਿੱਖਾਂ ਵਜੋਂ ਕਿਸੇ ਪਵਿੱਤਰ ਕਾਰਜ ਦੇ ਲਈ ਜਾਨ ਵਾਰ ਦੇਣ ਵਾਲਾ ਪੁਰਖ ਸ਼ਹੀਦ ਅਖਵਾਉਂਦਾ ਹੈ। ਜੋ ਗੁਰੂ ਸਾਹਿਬਾਨ ਦੇ ਬਚਨਾਂ ਨੂੰ ਕਮਾਉਂਦਾ ਹੈ, ਉਹ ਗੁਰਮੁਖ ਹੈ। ਅਜਿਹੇ ਪੁਰਖਾਂ ਦੀ ਨਕਲ, ਨਾਟਕੀ ਜਾਂ ਫਿਲਮੀ ਪੇਸ਼ਕਾਰੀ ਰਾਹੀਂ ਪ੍ਰਵਾਨ ਨਹੀਂ ਹੈ। ਗੁਰੂ ਸਾਹਿਬਾਨ, ਭਗਤ ਸਾਹਿਬਾਨ, ਉਹਨਾਂ ਦੇ ਮਾਤਾ-ਪਿਤਾ, ਗੁਰੂ ਕੇ ਮਹਿਲ, ਸਾਹਿਬਜ਼ਾਦੇ, ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਮਹਾਨ ਗੁਰਸਿੱਖਾਂ ਅਤੇ ਸ਼ਹੀਦਾਂ ਦੀਆਂ ਨਕਲਾਂ

ਲਾਹੁਣਾ ਅਤੇ ਸਵਾਂਗ ਰਚਣਾ ਗੁਰਮਤਿ ਅਨੁਸਾਰ ਮਨ੍ਹਾਂ ਹੈ। ਇਹ ਮਨਾਹੀ ਸਿੱਖ ਸੰਗਤ ਵਲੋਂ ਹੈ, ਇਸਦੀਆਂ ਗਵਾਹੀਆਂ ਸਿੱਖ ਇਤਿਹਾਸ ਅਤੇ ਰਵਾਇਤਾਂ ਵਿਚੋਂ ਮਿਲਦੀਆਂ ਹਨ।

ਫਿਲਮਕਾਰੀ ਦਾ ਵਿਰੋਧ

ਸਿੱਖ ਵਿਦਵਾਨਾਂ ਵਲੋਂ ਦੱਸੀ ਮਾਰਗਸੇਧ ਤੇ ਸੰਗਤ ਵਲੋਂ ਦਿੱਤੇ ਜਾ ਰਹੇ ਪਹਿਰੇ ਦੇ ਚੱਲਦਿਆਂ ਬੀਤੇ ਸਮੇਂ ਵਿੱਚ ਫਿਲਮਕਾਰ ਸਿੱਖ ਇਤਿਹਾਸ ਨੂੰ ਫਿਲਮਾਉਣ ਵਾਲੇ ਪਾਸੇ ਨਹੀਂ ਗਏ। ਭਾਵੇਂ ਕਿ ਇਸ ਮਾਰਗਸੇਧ ਨੂੰ ਕਈ ਵਾਰ ਚੁਣੌਤੀ ਦੇਣ ਦੀ ਕੋਸ਼ਿਸ ਕੀਤੀ ਗਈ। ਇਨ੍ਹਾਂ ਕੋਸ਼ਿਸਾਂ ਰਾਹੀਂ ਸਹਿਜੇ-ਸਹਿਜੇ ਇਤਿਹਾਸ ਦੀਆਂ ਪਵਿੱਤਰ ਘਟਨਾਵਾਂ ਦੀ ਨਕਲ ਕਰਨ ਵਾਲੇ ਪਾਸੇ ਜਦੋਂ ਵਧਿਆ ਜਾਣ ਲੱਗਿਆ ਤਾਂ ਸੰਗਤ ਵਲੋਂ ਵਿਰੋਧ ਪ੍ਰਗਟਾਉਣਾ ਸ਼ੁਰੂ ਕੀਤਾ ਗਿਆ।

ਫ਼ਿਲਮੀ ਪੇਸ਼ਕਾਰੀ ਨੂੰ ਲੈਕੇ ਰੁਖ਼

ਆਮ ਸਿੱਖ ਅਤੇ ਆਮ ਲੋਕ ਫਿਲਮਾਂ ਅਤੇ ਨਾਟਕੀ ਪੇਸ਼ਕਾਰੀ ਦੇ ਸਾਰੇ ਪੱਖ ਨਹੀਂ ਜਾਣਦੇ, ਤਾਂ ਫਿਲਮਾਂ ਦੀ ਹਮਾਇਤ ਕਰ ਜਾਂਦੇ ਹਨ, ਪਰ ਉਹ ਰਾਮਲੀਲਾ ਦੀ ਤਰ੍ਹਾਂ ਸਿੱਖ ਇਤਿਹਾਸ ਨੂੰ ਪੇਸ਼ ਕਰਨਾ ਵੀ ਬਰਦਾਸ਼ਤ ਨਹੀਂ ਕਰਦੇ। ਜਦੋਂ ਤੋਂ ਕੰਪਿਊਟਰ ਐਨੀਮੇਸ਼ਨ ਤਕਨੀਕ ਆਈ ਹੈ, ਤਾਂ ਫਿਲਮਕਾਰਾਂ ਵਲੋਂ ਕਿਹਾ ਗਿਆ ਕਿ ਇਹ ਕਿਰਦਾਰ ਕਿਸੇ ਮਨੁੱਖ ਵਲੋਂ ਨਹੀਂ, ਬਲਕਿ ਕਾਰਟੂਨ ਬਣਤਰ ਵਿੱਚ ਕੰਪਿਊਟਰ ਨਾਲ ਘੜਿਆ ਗਿਆ ਕਿਰਦਾਰ ਹੈ।

- ਅਜਿਹੀ ਪਹਿਲੀ ਕੋਸ਼ਿਸ 2005 ਵਿੱਚ 'ਵਿਸਮਾਦ' ਸੰਸਥਾ ਵਲੋਂ ਫਿਲਮ 'ਸਾਹਿਬਜ਼ਾਦੇ' ਨਾਲ ਹੋਈ ਸੀ। ਉਸਤੋਂ ਬਾਅਦ ਇਸੇ ਤਕਨੀਕ ਦੇ ਆਸਰੇ 'ਚਾਰ ਸਾਹਿਬਜ਼ਾਦੇ' ਤੱਕ ਕਈ ਫ਼ਿਲਮਾਂ ਆਈਆਂ।
- ਮਨੁੱਖੀ ਕਿਰਦਾਰ ਤੋਂ ਰਹਿਤ ਐਨੀਮੇਸ਼ਨ ਤਕਨੀਕ ਦੀ ਦਲੀਲ ਨਾਲ ਕਈ ਫਿਲਮਾਂ ਪ੍ਰਵਾਨ ਹੋਕੇ ਚੱਲ ਵੀ ਗਈਆਂ ਪਰ ਸਿੱਖ ਸੰਗਤ ਨੇ ਇਸ ਤਕਨੀਕ ਅਤੇ ਬੋਲੀਆਂ ਜਾ ਰਹੀਆਂ ਆਵਾਜ਼ਾਂ ਦੀ ਕਹਾਣੀ ਸਮਝ ਪੈਂਦਿਆਂ ਅੱਗੇ ਤੋਂ ਆਉਣ ਵਾਲੀਆਂ ਹੋਰਨਾਂ ਫਿਲਮਾਂ ਦਾ ਚੱਲਣਾ ਮੁਸ਼ਕਿਲ ਕਰ ਦਿੱਤਾ।

ਫਿਲਮਾਂ ਰਾਹੀਂ ਸਿੱਖ ਨਾਇਕਾਂ ਨੂੰ ਇਤਿਹਾਸ ਅਤੇ ਧਰਮ ਕਥਾਵਾਂ ਵਿਚੋਂ ਕੱਢ ਕੇ ਪੇਸ਼ ਕਰਨਾ ਕੱਲ੍ਹ ਨੂੰ ਯਕੀਨਨ ਅਨਧਰਮਾਂ ਦੇ ਨਾਇਕਾਂ ਦੀ ਤਰ੍ਹਾਂ ਸਿੱਖ ਨਾਇਕਾਂ ਨੂੰ ਹਲਕੇ ਪੱਧਰ ਉੱਤੇ ਪੇਸ਼ ਕਰਨ ਦੇ ਰਾਹ ਖੋਲ੍ਹਦਾ ਹੈ। ਹੁਣ ਸਿੱਖ ਇਸ ਸਬੰਧੀ ਸੁਚੇਤ ਹਨ ਅਤੇ ਇਸ ਤਰ੍ਹਾਂ ਦੀ ਸਿੱਖ ਰਵਾਇਤ ਵਿਰੋਧੀ ਕਿਸੇ ਵੀ ਕੋਸਿਸ਼ ਨੂੰ ਸਹਿਣ ਨਹੀਂ ਕਰਦੇ।

ਅੱਗੇ ਦਾ ਰਾਹ

ਬੀਤੇ ਸਮੇਂ ਵਿੱਚ ਜਿੰਨੀਆਂ ਵੀ ਅਜਿਹੀਆਂ ਫਿਲਮਾਂ ਬਣੀਆਂ ਹਨ, ਉਨ੍ਹਾਂ ਨੂੰ ਸੰਗਤ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ।

- 2005 ਵਿੱਚ ਆਈ ਫਿਲਮ 'ਸਾਹਿਬਜ਼ਾਦੇ' ਤੋਂ ਬਾਅਦ 'ਮੂਲਾ ਖੱਤਰੀ', 'ਚਾਰ ਸਾਹਿਬਜ਼ਾਦੇ', 'ਨਾਨਕ ਸ਼ਾਹ ਫਕੀਰ', 'ਦਾਸਤਾਨ-ਏ-ਮੀਰੀ ਪੀਰੀ', 'ਮਦਰਹੁੱਡ', 'ਦਾਸਤਾਨ ਏ ਸਰਹਿੰਦ' ਵਰਗੀਆਂ ਸਾਰੀਆਂ ਹੀ ਫਿਲਮਾਂ ਨੇ ਚਾਹੇ ਥੋੜਾ ਚਾਹੇ ਬਹੁਤਾ ਵਿਰੋਧ ਝੱਲਿਆ ਹੈ।
- ਇਸ ਫਿਲਮੀ ਦਸਤੂਰ ਨੂੰ ਬੰਦ ਕਰਵਾਉਣ ਲਈ ਸਿੱਖ ਸੰਗਤ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਕੀਤੀ ਗਈ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰ ਬਾਰੇ ਬਣਨ ਵਾਲੀਆਂ ਸਾਰੇ ਤਰ੍ਹਾਂ ਦੀਆਂ ਫਿਲਮਾਂ ਤੇ ਮੁਕੰਮਲ ਰੋਕ ਸਬੰਧੀ ਮਤਾ ਵੀ ਪਾਇਆ ਗਿਆ ਹੈ।
- 'ਦਾਸਤਾਨ-ਏ-ਸਰਹਿੰਦ' ਨਾਮੀ ਫਿਲਮ ਨੂੰ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਿੱਤੀ ਗਈ ਜ਼ੁਬਾਨੀ ਮਨਜ਼ੂਰੀ ਅਤੇ ਫੇਰ ਸੰਗਤ ਵਲੋਂ ਵਿਰੋਧ ਕਰਨ 'ਤੇ ਫਿਲਮ ਨੂੰ ਨਾਮਨਜ਼ੂਰ ਕਰਨ 'ਤੇ ਇਸ ਫਿਲਮ ਦੇ ਪ੍ਰੋਡਿਊਸਰ/ਨਿਰਦੇਸ਼ਕ ਨੂੰ ਆਈਆਂ ਔਕੜਾਂ ਤੋਂ ਇਹ ਗੱਲ ਸਾਹਮਣੇ ਆਈ ਕਿ ਫਿਲਮਕਾਰੀ ਦੇ ਖੇਤਰ ਵਿੱਚ ਕੰਮ ਕਰਦੇ ਅਤੇ ਆਪਣੀ ਕਮਾਈ ਨੂੰ ਫਿਲਮਾਂ ਵਿੱਚ ਲਗਾਉਣ ਵਾਲੇ ਬਹੁਤੇ ਫਿਲਮਕਾਰ ਸਿੱਖ ਸਿਧਾਂਤ ਅਤੇ ਫਿਲਮੀ ਪੇਸ਼ਕਾਰੀ ਦੇ ਆਪਸੀ ਵਿਰੋਧਾਂ ਬਾਰੇ ਬਹੁਤੀ ਜਾਣਕਾਰੀ ਅਤੇ ਸਪਸ਼ਟਤਾ ਨਹੀਂ ਰੱਖਦੇ।
- ਜੇਕਰ ਫਿਲਮ ਬਣਾਉਣ ਤੋਂ ਪਹਿਲਾਂ ਹੀ ਫਿਲਮਕਾਰ ਸਿੱਖ ਸਿਧਾਂਤਾਂ ਬਾਰੇ ਜਾਣਦੇ ਹੋਣ ਤਾਂ ਉਨ੍ਹਾਂ ਦੀ ਕਮਾਈ ਨੂੰ ਜਾਇਆ ਹੋਣ ਤੋਂ ਰੋਕਿਆ ਜਾ ਸਕਦਾ ਹੈ।

ਫਿਲਮ ਬਣਨ ਤੋਂ ਬਾਅਦ ਉਨ੍ਹਾਂ ਦੀ ਫਿਲਮ ਨੂੰ ਚਲਾਉਣ ਦੀ ਮਜਬੂਰੀ ਬਣ ਜਾਂਦੀ ਹੈ, ਦੂਸਰੇ ਪਾਸੇ ਸਿੱਖ ਸੰਗਤ ਨੂੰ ਵੀ ਇਸ ਕੁਰਾਹੇ ਨੂੰ ਪੱਕੇ ਹੋਣੋ ਰੋਕਣ ਲਈ ਮੋਰਚਾ ਸੰਭਾਲਣਾ ਪੈਂਦਾ ਹੈ। ਇਹ ਕੋਈ ਸਥਾਈ ਹੱਲ ਨਹੀਂ ਹੈ, ਗੱਲਬਾਤ ਦੀ ਘਾਟ ਕਰਕੇ ਅਜਿਹਾ ਵਾਰ-ਵਾਰ ਵਾਪਰਦਾ ਹੈ। ਹੁਣ ਲੋੜ ਹੈ ਕਿ ਫਿਲਮਕਾਰ ਵੀ ਸਿੱਖ ਸੰਗਤ ਦੀ ਭਾਵਨਾ ਨੂੰ ਸਮਝਣ ਵਿੱਚ ਰੁਚੀ ਦਿਖਾਉਣ। ਇਹ ਚਿੱਠੀ ਇਸੇ ਮਨੋਰਥ ਦੀ ਪੂਰਤੀ ਅਤੇ ਫਿਲਮਕਾਰਾਂ ਨੂੰ ਹੋਣ ਵਾਲੇ ਸੰਭਾਵੀ ਨੁਕਸਾਨਾਂ ਤੋਂ ਬਚਾਉਣ ਲਈ ਹੀ ਤੁਹਾਡੇ ਕੋਲ ਪਹੁੰਚਦੀ ਕੀਤੀ ਹੈ। ਅਜਿਹੀਆਂ ਗੱਲਾਂ ਦਾ ਵਰਣਨ ਜਰੂਰੀ ਸੀ, ਜਿਥੇ ਨਾਟਕ/ਫਿਲਮਕਾਰੀ ਅਤੇ ਸਿੱਖ ਸਿਧਾਂਤ ਇੱਕ ਦੂਜੇ ਦੇ ਵਿਰੁੱਧ ਖੜਦੇ ਹਨ। ਆਸ ਹੈ ਸਿੱਖ ਸੰਗਤ ਦੀ ਇਸ ਭਾਵਨਾ ਨੂੰ ਸਮਝਣ ਲਈ ਤੁਹਾਡੇ ਵਲੋਂ

ਗੰਭੀਰਤਾ ਦਿਖਾਈ ਜਾਵੇਗੀ ਤੇ ਸਿੱਖ ਇਤਿਹਾਸ ਦੀ ਫਿਲਮੀ ਪੇਸ਼ਕਾਰੀ ਅਤੇ ਗੁਰੂ ਸਾਹਿਬਾਨ ਦੀਆਂ ਮਨੋਕਲਪਿਤ ਤਸਵੀਰਾਂ ਨੂੰ ਦਿਖਾਉਣ ਤੋਂ ਗੁਰੇਜ਼ ਕੀਤਾ ਜਾਵੇਗਾ।

ਸੰਖੇਪ ਵਿਚ

ਕੀ ਪ੍ਰਵਾਨ ਨਹੀਂ:

- ਗੁਰੂ ਸਾਹਿਬਾਨ, ਭਗਤ ਸਾਹਿਬਾਨ, ਗੁਰੂ ਸਾਹਿਬਾਨ ਦਾ ਪਰਿਵਾਰ ਸਾਹਿਬਜ਼ਾਦੇ, ਪੁਰਾਤਨ ਅਤੇ ਹੁਣ ਦੇ ਸ਼ਹੀਦ, ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਿਤ ਗੁਰਮੁਖ/ਗੁਰਸਿੱਖ ਦੀ ਕਿਸੇ ਵੀ ਤਰੀਕੇ ਨਕਲ, ਤਸਵੀਰ, ਅਵਾਜ਼ ਜਾਂ ਐਨੀਮੇਸ਼ਨ ਰੂਪ ਵਿਚ।
- ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਦੀ ਹੂ-ਬ-ਹੂ ਪੇਸ਼ਕਾਰੀ। ਗੁਰੂਘਰ ਨਾਲ ਸਬੰਧਿਤ ਮਰਿਯਾਦਾ, ਗੁਰੂ ਕੀ ਹਜ਼ੂਰੀ, ਆਨੰਦ ਕਾਰਜ, ਅਰਦਾਸ, ਗੁਰੂ ਕਾ ਬਾਣਾ।
- ਗੀਤਾਂ ਵਿਚ ਗੁਰੂ ਸਾਹਿਬਾਨ, ਸ਼ਹੀਦਾਂ, ਗੁਰਮੁਖਾਂ ਦੀਆਂ ਪ੍ਰਚਲਿਤ ਮਨੋਕਲਪਿਤ ਤਸਵੀਰਾਂ ਵਰਤਣੀਆਂ ਜਾਂ ਬਣਾਉਣੀਆਂ।

ਕੀ ਪ੍ਰਵਾਨ ਹੋ ਸਕਦਾ ਹੈ:

- ਗੁਰੂ ਸਾਹਿਬਾਨ, ਭਗਤ ਸਾਹਿਬਾਨ, ਗੁਰਮੁਖਾਂ, ਗੁਰੂ ਕੇ ਪਰਿਵਾਰ ਸਾਹਿਬਜ਼ਾਦਿਆਂ ਦਾ ਜੀਵਨ, ਇਤਿਹਾਸ ਜਾਂ ਕੋਈ ਘਟਨਾ ਸਾਖੀ ਰੂਪ ਵਿਚ ਸੁਣਾਉਣਾ (ਬਗੈਰ ਉਸ ਸਮੇਂ ਦੇ ਦ੍ਰਿਸ਼ ਵਿਖਾਉਣ ਤੋਂ)
- ਜੀਵਨ, ਇਤਿਹਾਸ ਜਾਂ ਘਟਨਾ ਤੋਂ ਕਿਸੇ ਵਿਅਕਤੀ ਜਾਂ ਇਕੱਠ ਨੂੰ ਪ੍ਰੇਰਿਤ ਹੁੰਦੇ ਦਿਖਾਉਣਾ।
- ਭਾਈ ਵੀਰ ਸਿੰਘ ਹੁਰਾਂ ਦੇ ਨਾਵਲਾਂ ਦੀ ਤਰ੍ਹਾਂ ਦਾ ਰਚਨਾਤਮਕ ਕਾਰਜ।

ਧੰਨਵਾਦ

ਸਿੱਖ ਜਥਾ ਮਾਲਵਾ